
ਰੋਜ਼ਾਨਾ ਸਪੋਕਸਮੈਨ

ਸ਼ਨਿਚਰਵਾਰ, 20 ਫ਼ਰਵਰੀ, 2016

# ਬੇਲਾ ਕਾਲਜ 'ਚ ਭਰੂਣ ਹਤਿਆ ਅਤੇ ਬੱਚੀ ਬਚਾਉ ਬਾਰੇ ਵਰਕਸ਼ਾਪ



ਸ੍ਰੀ ਚਮਕੌਰ ਸਾਹਿਬ/ਬੇਲਾ ਬਹਿਰਾਮਪੁਰ ਬੇਟ, 19 ਫ਼ਰਵਰੀ (ਲੱਖਾ, ਭੰਗੂ, ਸਲਾਹਪੁਰ, ਰਾਣਾ): ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਸਰਕਾਰੀ ਹਸਪਤਾਲ਼ ਸ੍ਰੀ ਚਮਕੌਰ ਸਾਹਿਬ ਦੇ ਸੀਨੀਅਰ ਮੈਡੀਕਲ ਅਫਸਰ ਡਾ. ਇੰਦਰਜੀਤ ਸਿੰਘ ਭਾਟੀਆ ਦੀ ਅਗਵਾਈ ਹੇਠ ਪੀ.ਸੀ.ਪੀ.ਐਨ.ਡੀ.ਟੀ ਐਕਟ ਅਤੇ ਬੱਚੀ ਬਚਾਓ ਸੰਬਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਿਵਲ ਹਸਪਤਾਲ਼ ਰੋਪੜ ਦੇ ਸਿਵਲ ਸਰਜਨ ਡਾ.ਹਰਿੰਦਰ ਕੌਰ ਸ਼੍ਰੀ ਟੀ ਆਰ ਸਾਰੰਗਲ ਰਿਟਾਇਡ ਆਈ ਏ ਐਸ, ਮੁੱਖ ਮਹਿਮਾਨ ਵੱਜੋ ਅਤੇ ਬੇਲਾ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਸਕੱਤਰ ਦਵਿੰਦਰ ਸਿੰਘ ਜਟਾਣਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਮੌਕੇ ਮਾਹਿਰਾਂ ਨੇ ਜੱਚਾ ਬੱਚਾ ਦੀ ਮੌਤ ਦਰ ਘੱਟ ਹੋਣ ਵਿੱਚ ਅਲਟਰਾਸਾਊਡ ਤਕਨੀਕ ਦੇ ਸਹਾਈ ਹੋਣ ਦੀ ਸਰਹਾਨਾ ਕੀਤੀ ਪ੍ਰੰਤੂ ਕੁਝ ਡਾਕਟਰਾਂ ਵੱਲੋ ਇਸ ਤਕਨੀਕ ਦੀ ਦੁਰਵਰਤੋਂ ਕਰਨ ਤੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ। ਇਸ ਦੁਰਵਰਤੋਂ ਨੂੰ ਰੋਕਣ ਲਈ ਸਾਲ 1994 ਵਿੱਚ ਪੀ.ਐਨ.ਡੀ.ਟੀ ਐਕਟ ਬਣਾਇਆ ਗਿਆ ਜਿਸ ਨੂੰ ਕਿ ਪੀ ਸੀ ਐਨ.ਡੀ ਟੀ ਐਕਟ ਵਿੱਚ ਬਦਲ ਦਿੱਤਾ ਗਿਆ। ਇਸ ਐਕਟ ਵਿੱਚ ਭਰੂਣ ਹੱਤਿਆ ਕਰਨ ਵਾਲ਼ੇ ਨੂੰ ਤਿੰਨ ਸਾਲ ਦੀ ਕੈਦ ਜਾਂ 50 ਹਜ਼ਾਰ ਰੁਪਏ ਜ਼ੁਰਮਾਨਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਡਾ. ਹਰਿੰਦਰ ਕੌਰ, ਡਾ.ਟੀ ਆਰ ਸਾਰੰਗਲ, ਡਾ ਇੰਦਰਜੀਤ ਸ਼ਿੰਘ ਭਾਟੀਆ, ਦਵਿੰਦਰ ਸਿੰਘ ਜਟਾਣਾ ਨੇ ਸੰਬੋਧਨ ਕਰਦਿਆ ਲੜਕੀਆਂ ਨੂੰ ਲੜਕਿਆਂ ਨਾਲੋ ਵੱਧ ਮਿਹਨਤੀ, ਮਾਪਿਆ ਦੀ ਵੱਧ ਦੇਖਭਾਲ਼ ਅਤੇ ਸੇਂਵਾ ਕਰਨ ਵਾਲ਼ੀਆ ਦੱਸਦਿਆ ਕਲਪਨਾ ਚਾਵਲਾ, ਮਦਰ ਟਰੇਸਾ, ਕਿਰਨ ਬੇਦੀ ਵਰਗੀਆਂ ਸਮਾਜ ਨੂੰ ਸੇਧ ਦੇਣ ਵਾਲ਼ੀਆਂ ਮਹਾਨ ਔਰਤਾਂ ਦੇ ਜੀਵਨ ਬਾਰ੍ਹੇ ਵਿਸਥਾਰ ਨਾਲ਼ ਜਾਣਕਾਰੀ ਦਿਤੀ। ਉਨ੍ਹਾਂ ਭਰੂਣ ਹੱਤਿਆ ਨੂੰ ਰੋਕਣ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਡਾ. ਇੰਦਰਜੀਤ ਸਿੰਘ ਭਾਟੀਆ ਨੇ ਸਿਹਤ ਵਿਭਾਗ ਅਤੇ ਪੰਜਾਬ ਸਰਕਾਰ ਵੱਲੋ ਲੜਕੀਆਂ ਲਈ ਚਲਾਈਆ ਜਾਂ ਰਹੀਆਂ ਭਲਾਈ ਸਕੀਮਾ ਬਾਰੇ ਵਿਸਥਾਰ ਨਾਲ਼ ਜਾਣਕਾਰੀ ਦਿੱਤੀ। ਇਸ ਮੌਕੇ ਦਵਿੰਦਰ ਸਿੰਘ ਜਟਾਣਾ ਨੇ ਆਏ ਮਹਿਮਾਨਾ ਦਾ ਧੰਨਵਾਦ ਕਰਦਿਆ ਵਿਦਿਆਰਥੀਆਂ ਨੂੰ ਭਰੂਣ ਹਤਿਆ ਸੰਬਧੀ ਲੋਕਾਂ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਲੜਕੀਆਂ ਅਤੇ ਭਰੂਣ ਹੱਤਿਆ ਰੋਕਣ ਲਈ ਜਾਗਰੂਕ ਕਰਨ ਵਾਲ਼ੀਆਂ ਫਿਲ਼ਮਾ, ਨਾਟਕ, ਗੀਤ ਕੋਰੀਓਗ੍ਰਾਫੀਆਂ ਵੀ ਪੇਸ਼ ਕੀਤੀਆਂ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਗੁਰਦੀਪ ਸਿੰਘ ਨੇ ਬਾਖ਼ੂਬੀ ਨਿਭਾਈ।

Scanned with CamScanner